# ਲੋਰੀਆਂ ਲੈ ਲੈ ਭਗਤਾਂ ਸ਼ੇਰਾਂ ਵਾਲੀ ਮਾਂ ਦੇਵੇ ਲੋਰੀਆਂ

ਲੋਰੀਆਂ ਲੈ ਲੈ ਭਗਤਾਂ ਸ਼ੇਰਾਂ ਵਾਲੀ ਮਾਂ ਦੇਵੇ ਲੋਰੀਆਂ...
ਮਾਂਵਾਂ ਨੂੰ ਲਾਲ ਇਹ ਦੇ ਕੇ, ਬਣਾਵੇ ਭੈਣਾਂ ਤੇ ਭਰਾਵਾਂ ਜੋੜੀਆਂ

ਇਹ ਲੋਰੀ ਸ਼੍ਰੀਧਰ ਨੂੰ ਦਿੱਤੀ, ਕੰਜਕ ਬਣਕੇ ਕ੍ਰਿਪਾ ਕੀਤੀ
ਭਰੇ ਖਜ਼ਾਨੇ ਦਾਤੀ -੨
ਵੰਡਦੀ ਖੈਰਾਂ ਦੀਆਂ ਭਰ ਭਰ ਝੋਲੀਆਂ
ਲੋਰੀਆਂ...

ਧਿਆਨੂੰ ਤੇ ਮਾਂ ਕਰਮ ਕਮਾਇਆ, ਆਪਣੇ ਚਰਨਾਂ ਦੇ ਨਾਲ ਲਾਇਆ
ਦਾਤੀ ਗਲ ਨਾਲ ਲਾਉਂਦੀ -੨
ਵੇਖਲਾ ਮਾਂ ਤੇ ਸੁੱਟ ਕੇ ਡੋਰੀਆਂ
ਲੋਰੀਆਂ...

ਮਾਂ ਦੇ ਨਾਂ ਦੀ ਜੋਤ ਜਗਾ ਲੈ, ਜ਼ਿੰਦਗੀ ਮਾਂ ਦੇ ਨਾਂ ਲਿਖਵਾ ਲੈ
ਆਜਾ ਮਾਂ ਦੇ ਦਰ ਤੇ-੨
ਭਗਤਾਂ ਚੜ੍ਹ ਕੇ ਮੰਦਰ ਦੀਆਂ ਪੌੜੀਆਂ
ਲੋਰੀਆਂ...

ਰਾਜੂ ਵੀ ਹਰੀਪੁਰੀਆ ਲਿਖਦਾ, ਹਰ ਥਾਂ ਮਾਂ ਦਾ ਰੂਪ ਹੈ ਦਿਸਦਾ
ਦਰ ਸਲੀਮ ਵੀ ਗਾਵੇ -੨
ਸਭ ਤੇ ਮਾਂ ਦੀਆਂ ਰਹਿਮਤਾਂ ਹੋ ਰਹੀਆਂ
ਲੋਰੀਆਂ...

Uploaded by : ਅਭੀ ਬਾਂਸਲ ਰਾਮਪੁਰਾ
(98039 -04007)

स्वर : मास्टर सलीम

https://www.bhajanganga.com/bhajan/lyrics/id/1397/title/loriya-lai-lai-bhagta-shera-wali-maa-deve-loriya

अपने Android मोबाइल पर BhajanGanga App डाउनलोड करें और भजनों का आनंद ले |